## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:),ਪੰਜਾਬ, ਐਸ.ਏ.ਐਸ.ਨਗਰ
## (ਸੇਵਾਵਾਂ-1 ਸ਼ਾਖਾ)

ਸੇਵਾ ਵਿੱਖੇ,

ਸਮੂਹ ਵਿਭਾਗਾਂ ਦੇ ਮੁੱਖੀ
ਡਵੀਜਨਾਂ ਦੇ ਕਮਿਸਨਰ ਡਿਪਟੀ ਕਮਿਸਨਰ,
ਅਤੇ ਜਿਲਿਆਂ ਦੇ ਸੈਸਨ ਜੱਜ।
ਸਮੂਹ ਮੰਡਲ/ਜਿਲ੍ਹਾ ਸਿਖਿਆ ਅਫਸਰ।

ਮੀਮੋ ਨੰ: 11/3-07 ਸੇ-1(3)
ਮਿਤੀ: 5/9/17

ਵਿਸ਼ਾ:- ਸਿਖਿਆ ਵਿਭਾਗ ਪੰਜਾਬ ਵਿੱਚ ਕਲਰਕਾਂ/ਟਾਈਪਿਸਟਾਂ ਦੀ ਬਦਲੀ ਰਾਹੀ ਭਰਤੀ ਸਬੰਧੀ।

ਸ੍ਰੀਮਾਨ ਜੀ,

ਉਪਰੋਕਤ ਵਿਸੇ ਤੇ ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਸਿਖਿਆ ਵਿਭਾਗ ਪੰਜਾਬ ਦ ਮੁੱਖ ਦਫਤਰਾਂ ਵਿਖੇ ਕਲਰਕਾਂ ਅਤੇ ਸਟੈਨੋ-ਟਾਈਪਿਸਟਾਂ ਦੀਆਂ ਕੁਝ ਖਾਲੀ ਆਸਾਮੀਆਂ ਨੂੰ ਰਾਜ ਦੇ ਵੱਖ ਵੱਖ ਸਰਕਾਰੀ ਦਫਤਰਾਂ ਵਿੱਚੋ ਬਤੌਰ ਕਲਰਕਾਂ/ਸਟੈਨੋਟਾਇਪਿਸਟਾਂ ਜਾਂ ਆਈਡੈਂਕਲ ਪੋਸਟਾਂ ਵਿਰੁੱਧ ਕੰਮ ਕਰ ਰਹੇ ਕਰਮਚਾਰੀਆਂ ਵਿਚੋ ਬਦਲੀ ਰਾਹੀਂ ਭਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਆਸਾਮੀਆਂ ਸਰਕਾਰ ਦੀ ਨੀਤੀ/ਰਿਜਰਵੇਸਨ ਅਨੁਸਾਰ ਭਰੀਆਂ ਜਾਣੀਆਂ ਹਨ । ਸਿਖਿਆ ਵਿਭਾਗ ਪੰਜਾਬ ਵਿੱਚ ਬਦਲੀ ਰਾਹੀ ਕਲਰਕ/ਸਟੈਨੋਟਾਇਪਿਸਟ ਦੀ ਆਸਾਮੀ ਤੇ ਨਿਯੁਕਤੀ ਲਈ ਉਮੀਦਵਾਰ ਨੂੰ ਹੇਠ ਲਿਖੀਆਂ ਯੋਗਤਾਵਾਂ/ਤਜਰਬਾ ਪੂਰਾ ਕਰਨਾ ਜਰੂਰੀ ਹੈ:-

1. ਵਿਦਿਅਕ ਯੋਗਤਾਵਾਂ:-

ੳ) ਦਸਵੀ ਪੱਧਰ ਦੀ ਪੰਜਾਬੀ ਪਾਸ ਹੋਣਾ ਲਾਜਮੀ ਹੈ।

ਅ) ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋ ਗਰੈਜੂਏਸਨ ਡਿਗਰੀ।

ੲ) 120 ਘੰਟੇ ਦਾ ਕੰਪਿਊਟਰ ਕੋਰਸ ਜੋ ਕਿ ISO 9001 Certified ਸੰਸਥਾ ਤੋ ਪਾਸ ਕੀਤਾ ਹੋਵੇ government of India (DOEACC) ਤੋਂ ੳ ਲੈਵਲ ਸਰਟੀਫਿਕੇਟ ਪ੍ਰਾਪਤ ਹੋਵੇ।

2. ਪੰਜਾਬੀ ਅਤੇ ਅੰਗਰੇਜੀ ਕੰਪਿਊਟਰ ਟਾਈਪ ਟੈਸਟ (ਕਲਰਕ ਲਈ) :- ਸਿਖਿਆ ਵਿਭਾਗ ਪੰਜਾਬ ਵਿੱਚ ਕਲਰਕ ਦੀ ਅਸਾਮੀ ਤੇ ਨਿਯੁੱਕਤੀ ਤੋ ਪਹਿਲਾਂ ਪੰਜਾਬੀ ਅਤੇ ਅੰਗਰੇਜੀ ਕੰਪਿਊਟਰ ਟਾਈਪ ਟੈਸਟ 30 ਸਬਦ ਪ੍ਰਤੀ ਮਿੰਟ ਦੀ ਸਪੀਡ ਤੇ ਪਾਸ ਕਰਨਾ ਹੋਵੇਗਾ।

3. ਪੰਜਾਬੀ ਸਟੈਨੋਗ੍ਰਾਫੀ ਅਤੇ ਕੰਪਿਊਟਰ ਟਾਇਪਿੰਗ ਟੈਸਟ:- ਸਟੈਨੋ ਟਾਇਪਿਸਟ ਦੀ ਅਸਾਮੀ ਲਈ 80 ਸਬਦ ਪ੍ਰਤੀ ਮਿੰਟ ਦੀ ਸਪੀਡ ਤੇ ਡਿਕਟੇਟ ਕਰਵਾਇਆ ਜਾਵੇਗਾ, ਜਿਸ ਨੂੰ 15 ਮਿੰਟ ਪ੍ਰਤੀ ਸ਼ਬਦ ਦੀ ਰਫਤਾਰ ਨਾਲ ਟਾਈਪ ਕਰਨਾ ਹੋਵੇਗਾ।

4. ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਵਿਦਿਅਕ ਯੋਗਤਾਵਾਂ ਅਤੇ ਤਜਰਬਾ ਆਦਿ ਦੀ ਸ਼ਰਤ ਪੂਰੀ ਕਰਨ ਵਾਲੇ ਕਰਮਚਾਰੀ ਜਿਹੜੇ ਪੰਜਾਬ ਸਿਖਿਆ ਵਿਭਾਗ ਮੁੱਖ ਦਫਤਰ ਵਿਖੇ ਕਲਰਕ ਦੀ ਆਸਾਮੀ ਤੇ ਨਿਯੁਕਤੀ ਦੇ ਚਾਹਵਾਨ ਹੋਣ ਦੇ ਨਾਵਾਂ ਦੀ ਸਿਫਾਰਸ਼ ਅਤੇ ਵਿਦਿਅਕ ਯੋਗਤਾਵਾਂ ਤੇ ਸਰਟੀਫਿਕੇਟਾਂ ਸਮੇਤ ਮਿਤੀ 15-9-2017 ਤੱਕ ਭੇਜ ਦਿੱਤੀ ਜਾਵੇ।

5. ਇਹ ਵੀ ਸਪਸਟ ਕੀਤਾ ਜਾਂਦਾ ਹੈ ਕਿ ਨਿਯੁਕਤੀ ਲਈ ਚੁਣੇ ਗਏ ਕਰਮਚਾਰੀਆਂ ਨੂੰ ਸਰਕਾਰ ਵੱਲੋਂ ਮੰਨਜੂਰ-ਸੁਦਾ ਤਨਖਾਹ ਸਕੇਲ ਮਿਲਣਯੋਗ ਹੋਵੇਗਾ ਅਤੇ ਪਹਿਲਾਂ ਕੰਮ ਕਰ ਰਹੇ ਕਰਮਚਾਰੀਆਂ ਦੀ ਤਨਖਾਹ ਵੀ ਸਰਕਾਰ ਵੱਲੋਂ ਸਮੇਂ ਸਮੇਂ ਤੇ ਅਧਿਸੂਚਿਤ ਕੀਤੇ ਨਿਯਮਾਂ/ਹਦਾਇਤਾਂ ਅਨੁਸਾਰ ਨਿਸਚਿਤ ਕੀਤੀ ਜਾਵੇਗੀ।

6. ਟਾਈਪ ਟੈਸਟ ਦੀ ਮਿਤੀ ਬਾਅਦ ਵਿੱਚ ਸੂਚਿਤ ਕੀਤੀ ਜਾਵੇਗੀ। ਅਜਿਹੇ ਕਰਮਚਾਰੀ ਜੋ ਸਿੱਖਿਆ ਵਿਭਾਗ ਵਿੱਚ ਬਦਲੀ ਰਾਹੀਂ ਨਿਯੁਕਤੀ ਦੇ ਚਾਹਵਾਨ ਹੋਣ ਅਤੇ ਉਕਤ ਸਰਤਾ ਪੂਰੀਆਂ ਕਰਦੇ ਹੋਏ, ਦੇ ਨਾਂਮ ਅਤੇ ਹੋਰ ਡਿਟੇਲ ਨੱਥੀ ਪ੍ਰਫਾਰਮੇ ਵਿੱਚ ਹੀ ਭੇਜੇ ਜਾਣ।

ਸੁਪਰਡੰਟ ਸੇਵਾਵਾਂ-1

## ਪ੍ਰੋਫਾਰਮਾਂ

1. ਉਮੀਦਵਾਰ ਦਾ ਨਾਂ ਅਤੇ ਪੂਰਾ ਪਤਾ
2. ਜਨਮ ਮਿਤੀ
3. ਬਤੌਰ ਰੈਗੂਲਰ ਕਲਰਕ ਸਟੈਨੋ-ਟਾਈਪਿਸਟ ਨਿਯੁਕਤੀ ਦੀ ਮਿਤੀ
4. ਕੀ ਆਰਜੀ ਹੈ ਜਾਂ ਪੱਕਾ
5. ਕੀ ਅਨੁਸੂਚਿਤ ਜਾਤੀ/ਪਛਣੀ ਸ੍ਰੇਣੀ/ਸਾਬਕਾ ਫੌਜੀ/ ਅੰਗਹੀਣ ਆਦਿ ਹੈ।
6. ਕੀ ਕੋਈ ਵਿਭਾਗੀ ਇਨਕੁਆਰੀ ਉਮੀਦਵਾਰ ਵਿਰੁਧ ਪੈਂਡਿੰਗ ਹੈ ਜਾਂ ਨਹੀ। ਜੇਕਰ ਹੈ ਤਾਂ ਵਰਵਾ ਦਿੱਤਾ ਜਾਵੇ।

ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਪ੍ਰੋਫਾਰਮ ਵਿੱਚ ਪੂਰੀ ਸੂਚਨਾਂ ਸਹੀ ਹੈ ਅਤੇ ਰਿਕਾਰਡ ਤੇ ਅਧਾਰਤ ਹੈ।

ਸੁਪਰਡੰਟ ਸੇਵਾਵਾਂ-1